

# ਸਕੂਨ

www.punjabilibrary.com

ਹਰਮਨਪ੍ਰੀਤ ਸਿੰਘ

# ਸਕੂਨ

## ਹਰਮਨਪ੍ਰੀਤ ਸਿੰਘ



# ਸਕੂਨ

## ਹਰਮਨਪ੍ਰੀਤ ਸਿੰਘ

ਇੰਸਟਾਗ੍ਰਾਮ : IHRMN__WRITER

ਮੋਬਾਈਲ ਨੰਬਰ : +91 93118 31566

ਪੀ ਡੀ ਐੱਫ ਐਡੀਟਰ : GURIGURPREET498

ਈਮੇਲ - HARMANPREET2920@GMAIL. COM

PUBLISHED ON: 15 OCTOBER 2024

WWW.PUNJABILIBRARY.COM

© HARMANPREET SINGH

DKW

DIGITAL KALMAN WALE PUBLICATION

ਧਰਤੀ ਤੇ ਡੇਰਾ ਲਾ ਕੇ ਬੈਠੀ, ਉਹ ਪਰੀਆਂ ਦੀ ਰਾਣੀ ਆ
ਸੋਹਣੀ ਸੁਨੱਖੀ ਕਿਤੇ ਵੱਧ ਮੇਰੇ ਤੋਂ, ਉਂਝ ਉਮਰੋਂ ਮੇਰੀ ਹਾਣੀ ਆ

ਹਰਮਨਪ੍ਰੀਤ ਸਿੰਘ

# ਸਕੂਨ

ਇਹ ਕਿਤਾਬ ਨੀ ਬਸ ਗੱਲਾਂ ਈ ਨੇ ਵੀ ਜਦੋਂ ਕੋਈ ਬੰਦਾ ਮੋਹ ਵਿੱਚ ਹੁੰਦਾ ਤਾਂ ਮੋਹ ਵਿੱਚ ਬੱਝਿਆ ਬੰਦਾ ਕੀ ਕੀ ਕਰਦਾ ਕਿਵੇਂ ਕਿਵੇਂ ਦਾ ਫ਼ੀਲ ਹੁੰਦਾ ਏ ।

ਮੁਹੱਬਤ ਸ਼ਬਦ ਈ ਬੜਾ ਪਿਆਰਾ ਏ ਸੱਚੀਂ ਜਦੋਂ ਕੋਈ ਬੰਦਾ ਮੋਹ ਵਿੱਚ ਹੁੰਦਾ ਏ ਨਾ ਬੜਾ ਕੁਝ ਕਰਦਾ ਏ।

ਇੱਕ ਹੁੰਦਾ ਏ ਆਪਣਾ ਆਪ ਜਿਉਣਾ, ਇੱਕ ਹੁੰਦਾ ਕਿਸੇ ਨੂੰ ਦੇਖ ਦੇਖ ਕੇ ਜਿਉਣਾ।ਸਾਰਾ ਸਾਰਾ ਦਿਨ ਉਹਦੇ ਬਾਰੇ ਸੋਚ ਦੇ ਰਹਿਣਾ। ਆਪਣੇ ਆਪ ਨਾਲ ਗੱਲਾਂ ਕਰਨੀਆਂ। ਆਪੇ ਖਿਆਲ ਬੁਣ ਲੈਣੇ ਆਪੇ ਢਾਹ ਲੈਣੇ, ਮੇਰੇ ਤੋਂ ਕਦੇ ਉਹਨੂੰ ਉੱਚਾ ਨੀਵਾਂ ਨਾ ਬੋਲਿਆ ਜਾਂ ਕੁਝ ਲਿਖਿਆ ਜਾਵੇ ਜੀਹਦੇ ਨਾਲ ਉਹ ਗੁੱਸਾ ਕਰ ਜੇ ਜਾਂ ਕਦੇ ਦੁਖੀ ਨਾ ਹੋਵੇ ।

ਮੁਹੱਬਤ ਦਾ ਮਤਲਬ ਏ ਵੀ ਕਿ ਆਪਣੇ ਆਪ ਨੂੰ ਕਿਸੇ ਦੇ ਹਵਾਲੇ ਕਰ ਦੇਣਾ ਉਹ ਦੀ ਇੱਜਤ ਕਰਨ ਲੱਗ ਜਾਣਾ, ਹਰ ਇੱਕ ਨੂੰ ਸਲੀਕੇ ਦੇ ਨਾਲ ਬੁਲਾਉਣ ਲੱਗ ਜਾਣਾ। ਉਹਦਾ ਹਰ ਵਕਤ ਖਿਆਲ ਰੱਖਣਾ ਉਹਦੇ ਬਾਰੇ ਸਿਰਫ਼ ਚੰਗਾ ਚੰਗਾ ਸੋਚਣਾ। ਬਾਕੀ ਸਾਰੀ ਗੱਲ ਸਬਰਾਂ ਦੀ ਹੁੰਦੀ ਏ।

ਇਹ ਇਨਸਾਨ ਮੈਨੂੰ ਮੇਰੀ ਮਾਂ ਜਿੰਨਾ ਪਿਆਰਾ ਏ।

ਜਿਵੇਂ ਮਾਂ ਨੂੰ ਆਪਣੇ ਬੱਚੇ ਨਾਲ ਤੇ ਬੱਚੇ ਨੂੰ ਆਪਣੀ ਮਾਂ ਨਾਲ

ਮੁਹੱਬਤ ਹੁੰਦੀ ਏ ਨਾ ਮੇਰੀ ਵੀ ਬਸ ਉਹਦੇ ਨਾਲ ਉਵੇਂ ਦੀ ਹੀ ਮੁਹੱਬਤ ਆ।
ਮੈਨੂੰ ਜਿਵੇਂ ਕੁਦਰਤ ਨੇ ਇਸ ਧਰਤੀ ਤੇ ਭੇਜਿਆ ਸੀ ਇੱਕਲੇ ਨੂੰ
ਮੈਂ ਉਵੇਂ ਇੱਕਲਾ ਈ ਸੀ। ਮੈਨੂੰ ਕੁੜੀਆਂ ਨੂੰ ਬੁਲਾਉਣ ਤੋਂ ਬਹੁਤ ਡਰ ਲੱਗਦਾ ਸੀ ਕਦੇ ਕਿਸੇ ਕੁੜੀ ਨੂੰ ਵੀ ਨਹੀਂ ਸੀ ਬੁਲਾਉਂਦਾ ।

ਮੈਨੂੰ ਆਪਣੇ ਆਪ ਨਾਲ ਰਹਿਣਾ ਬਹੁਤ ਚੰਗਾ ਲੱਗਦਾ ਏ
ਕਿਉਂਕਿ ਇੱਕਲੇ ਰਹਿਣ ਨਾਲ ਮੈਂ ਨਵੇਂ ਨਵੇਂ ਖਿਆਲ ਬੁਣਦਾ ਰਹਿੰਨਾ ਵਾਂ।
ਨਵਾਂ ਨਵਾਂ ਦੇਖ ਪੜ੍ਹ ਤੇ ਕੁਝ ਨਾ ਕੁਝ ਲਿਖਦਾ ਰਹਿੰਨਾ ਵਾਂ।
ਪੜ੍ਹਨਾ ਵੀ ਚੰਗਾ ਲੱਗਦਾ ਏ ਮੈਂ ਇਹ ਚਾਹੁੰਦਾ ਸੀ ਕਿ ਮੈਨੂੰ ਜੋ ਵੀ ਕੁੜੀ ਮਿਲੇ ਉਸ ਨੂੰ ਵੀ ਪੜ੍ਹਨ ਦਾ ਸ਼ੌਂਕ ਹੋਵੇ ਤੇ ਇਹ ਰੱਬ ਨੇ ਮੇਰੀ ਮੁਰਾਦ ਪੂਰੀ ਵੀ ਕੀਤੀ। 2020 ਵਿੱਚ +2 ਪਾਸ ਕਰਕੇ ਮੈਂ ਬੀ.ਏ. ਕਰਨ ਲੱਗ ਪਿਆ ਸੀ ਕਾਲਜ ਜਾਂਦਾ ਤਾਂ ਸੀ ਪਰ ਕਦੇ ਕਦੇ।
ਫਿਰ ਮੇਰੀ ਇਹ ਬੀ.ਏ. ਦੀ ਪੜ੍ਹਾਈ ਵਿੱਚ ਈ ਰਹਿ ਗਈ।
ਫਿਰ ਥੋੜ੍ਹਾ ਟਾਈਮ ਮੈਂ ਕਿਤੇ ਹੋਰ ਰਿਹਾ। ਜਦੋਂ ਉਥੋਂ ਵਾਪਸ ਆ ਗਿਆ,
ਮੈਂ ਬਾਘੇ ਪੁਰਾਣੇ ਕਾਰ ਇਲੈਕਟ੍ਰੀਸ਼ੀਅਨ ਦਾ ਕੰਮ ਕਰਨ ਲੱਗ ਪਿਆ ਇਸ ਕੰਮ ਵਿੱਚ ਮੇਰਾ ਪਹਿਲਾਂ ਤੋਂ ਹੀ ਦਿਲ ਕਰਦਾ ਸੀ ਕਿ ਮੈਂ ਇਹ ਕੰਮ ਕਰਾਂ।
ਤੇ ਇੱਥੋਂ ਹੀ ਮੇਰੀ ਕਹਾਣੀ ਸ਼ੁਰੂ ਹੋਈ ਆ।

**ਪੁੱਛ ਦੀ ਆ !**
**ਇਹ ਇਸ਼ਕ,ਪਿਆਰ, ਮੁਹੱਬਤ**
**ਕੀ ਹੁੰਦਾ ਏ ?**

**ਦੱਸਿਆ ਤਾਂ ਸੀ!**
**ਜੋ ਮੈਂ ਤੇਰੇ ਨਾਲ ਕਰਦਾਂ ! ਉਹ ਹੀ ਹੁੰਦਾ ਏ ।**

**ਜਿਹੜਾ ਕੱਲਿਆਂ ਵਿੱਚ ਨਹੀਂ ਲੱਗਦਾ**
**ਉਹ ਜੀਅ ਹੁੰਦਾ ਏ ।**

**ਮੋਹ ਵਿੱਚ ਭਿੱਜੇ ਸੱਜਣਾ ਨੂੰ ਫਿਰ**
**ਤੂੰ ਤੂੰ ! ਨੀ ਬਸ ਜੀ ਜੀ ਹੁੰਦਾ ਏ ।**

**ਰੱਬ ਬਰਾਬਰ ਮਹਿਬੂਬ ਜੀ ਦਾ**
**ਫਿਰ ਸ਼ਰਬਤ ਨੀ! ਜ਼ਹਿਰ ਵੀ ਹੱਥੋਂ ਪੀ ਹੁੰਦਾ ਏ**

**ਹੋਰ ਤੂੰ ਦੱਸ ਕੀ ਹੁੰਦਾ ਏ ?**

ਹਾਂ ਫੇਰ ਮੈਂ ਰੋਜ ਦੀ ਤਰ੍ਹਾਂ ਪਿੰਡੋਂ 8:30 ਵਾਲੀ ਬੱਸ ਤੇ ਸ਼ਹਿਰ ਬਾਘੇ ਪੁਰਾਣੇ ਕੰਮ ਤੇ ਜਾਂਦਾ ਸੀ ਬੱਸ ਵਿੱਚ ਬਹੁਤ ਹੀ ਜਿਆਦਾ ਭੀੜ ਹੁੰਦੀ ਸੀ।ਮੈਂ ਬਸ ਨੀਵੀਂ ਪਾ ਕੇ ਖੜ੍ਹ ਜਾਂਦਾ ਸੀ। ਜਦੋਂ ਵੀ ਮੇਰੇ ਨਾਲ ਆ ਕੇ ਕੋਈ ਵੀ ਕੁੜੀ ਖੜ੍ਹ ਜਾਂਦੀ ਤਾਂ ਮੇਰੇ ਦਿਲ ਦੀ ਧੜਕਣ ਤੇਜ਼ ਹੋ

ਜਾਂਦੀ ਵੀ ਕਿਤੇ ਇਹ ਕੁਝ ਕਹਿ ਈ ਨਾ ਦੇਵੇ। ਫੇਰ ਮੈਂ ਬਾਰੀ ਵਾਲੇ ਪਾਸੇ ਮੂੰਹ ਕਰਕੇ ਖੜ੍ਹ ਜਾਂਦਾ  ਜਾਂ ਬਸ ਨੀਵੀਂ ਪਾ ਕੇ ਖੜਾ ਰਹਿੰਦਾ ਸੀ। ਬਸ ਹੁਣ ਇਹੀ ਕਹਿ ਸਕਦੇ ਆਂ ਕਿ ਮੈਂ ਕੁੜੀਆਂ ਨਾਲ ਗੱਲ ਕਰਨੋ ਡਰਦਾ ਜਾਂ ਮੈਨੂੰ ਕੁੜੀਆਂ ਤੋਂ ਡਰ ਲੱਗਦਾ, ਮੈਂ ਕਿਸੇ ਕੁੜੀ ਨੂੰ ਇੱਧਰ ਉੱਧਰ ਹੋਣ ਨੂੰ ਵੀ ਨਹੀਂ ਸੀ ਕਹਿੰਦਾ। ਜਿੰਨਾ ਚਿਰ ਬੱਸ ਅੱਡੇ ਨਾ ਆਉਂਦੀ ਤਾਂ ਮੈਨੂੰ ਸੁੱਖ ਦਾ ਸਾਹ ਨਾ ਮਿਲਦਾ।

ਬੱਸ ਚੋਂ ਉੱਤਰ ਕੇ ਮੈਂ ਆਪਣੇ ਦੋਸਤਾਂ ਨਾਲ ਰੋਜ ਸਵੇਰੇ 10 ਤੋਂ 15 ਮਿੰਟ ਉੱਥੇ ਖੜਦਾ ਹੁੰਦਾ ਸੀ, ਅਸੀਂ ਬਸ ਗੱਲਾਂ ਕਰ-ਕੁਰ ਕੇ ਚਲੇ ਜਾਂਦੇ ਸੀ। ਰੋਜ ਐਵੇਂ ਹੁੰਦਾ ਗਿਆ, ਆਉਂਦੇ ਸੀ ਖੜਦੇ ਸੀ, ਫਿਰ ਕੰਮ ਤੇ ਕੰਮ ਤੋਂ ਸ਼ਾਮ ਨੂੰ ਘਰ।

ਪਰ ਇੱਕ ਦਿਨ 5 ਅਪ੍ਰੈਲ 2023 ਦਿਨ ਬੁੱਧਵਾਰ ਨੂੰ ਪਹਿਲੀ ਵਾਰ ਉਸ ਰੱਬ ਜਿਹੀ ਨੂੰ ਦੇਖਿਆ। ਉਹ ਲੰਮੇ,ਕਾਲੇ ਤੇ ਘੁੰਘਰਾਲੇ ਵਾਲ, ਉਹਦੀਆਂ ਡਰੀਆਂ ਡਰੀਆਂ ਅੱਖਾਂ ਤਕਰੀਬਨ 5 ਜਾਂ 5:30 ਫੁੱਟ ਉੱਚਾ ਕੱਦ ਲੰਮੀ ਤੇ ਪਤਲੀ ਜਿਹੀ ਧੌਣ, ਚਿੱਟੇ ਰੰਗ ਦਾ ਸੂਟ ਤੇ ਗੁਲਾਬੀ ਰੰਗ ਦੀ ਸਿਰ ਤੇ ਚੁੰਨੀ ਨੀਵੀਂ ਪਾ ਕੇ ਤੁਰੀ ਜਾਂਦੀ ਸੀ।

ਜਦੋਂ ਮੈਂ ਉਹਨੂੰ ਪਹਿਲੀ ਵਾਰ ਦੇਖਿਆ ਸੀ ਤਾਂ ਉਹ ਮੈਨੂੰ ਐਨੀ ਸੋਹਣੀ, ਸਾਦੀ ਲੱਗੀ, ਉਹ ਦੀਆਂ ਅੱਖਾਂ, ਲੰਮੇ-ਲੰਮੇ ਵਾਲ ਬਸ ਜਿਵੇਂ ਕੋਈ ਪਰੀ ਹੋਵੇ ।

ਮੈਂ ਤੇ ਹੀਰ ਬਾਰੇ ਥੋੜਾ ਬਹੁਤ ਪੜ੍ਹਿਆ ਤੇ ਸੁਣਿਆ ਸੀ ਤੇ ਮੈਨੂੰ ਉਹ ਜਮਾਂ ਹੀਰ ਈ ਜਾਪੀ। ਬੜੇ ਲੋਕ ਆਪਣੀਆਂ ਕਹਾਣੀਆਂ ਕਿੱਸਿਆਂ ਤੇ ਗੀਤਾਂ ਵਿੱਚ ਮਿਸਾਲਾਂ ਦਿੰਦੇ ਆ ਵੀ ਕੋਈ ਤਾਂ ਗੱਲ ਬਾਤ ਹੋਣੀ ਆ। ਹੀਰ ਵੀ ਜਮਾਂ ਇਹ ਦੇ ਵਰਗੀ ਹੋਣੀ ਆ । ਉਹ ਐਨੀ ਜਿਆਦੇ

ਸੋਹਣੀ ਸੀ, ਵੀ ਉਹਦੇ ਤੋਂ ਸੋਹਣੀ ਤੇ ਸੁਨੱਖੀ ਤਾਂ ਕੋਈ ਹੋ ਈ ਨੀ ਸਕਦੀ।

ਕਿ ਮੈਂ ਜਦ ਪਹਿਲੀ ਵਾਰ ਦੇਖਿਆ ਉਹਨੂੰ
ਉਹ ਖੜੀ ਇੰਝ ਜਾਪੇ ਜਿਵੇਂ ਲੱਗੀ ਕੋਈ ਤਸਵੀਰ ਹੋਵੇ
ਇੰਨਾ ਸੋਹਣਾ ਹੁਸਨ ਮੈਂ ਕਦੀ ਨਈ ਵੇਖਿਆ
ਮੈਨੂੰ ਲੱਗਾ ਜਿਵੇਂ ਸਿਆਲਾਂ ਵਾਲੀ ਹੀਰ ਹੋਵੇ

ਉਹਦੇ ਵਾਲ ਖਿਲਰੇ ਜੇ,
ਮੈਨੂੰ ਲੱਗਾ ਜਿਵੇਂ ਵਿੱਚ ਚੀਰ ਹੋਵੇ
ਉਹ ਦੇ ਕਰਕੇ ਹੋਣ ਲੜਾਈਆਂ
ਜਿਵੇਂ ਉਹ ਪਰੀ ਨੀ,ਕਸ਼ਮੀਰ ਹੋਵੇ

ਉਹਦੀਆਂ ਅੱਖਾਂ ਅੱਖਾਂ ਨੀ,
ਜਿਵੇਂ ਤੀਰ ਹੋਵੇ
ਉਹ ਨੂੰ ਪਾਉਣਾ ਹਰ ਕੋਈ ਚਾਹਵੇ
ਕੋਈ ਮੰਦਰ ,ਕੋਈ ਮਸਜਿਦ ,ਕੋਈ ਮਨਾਉਂਦਾ ਪੀਰ ਹੋਵੇ

ਉਹਦੇ ਨਾਂ ਦਾ ਅੱਖਰ ਕੀਹਦੇ ਹੱਥ ਚ
ਮੇਰੇ ਵਾਂਗੂੰ ਵੇਖਦਾ ਨਾ ਉਹ ਵੀ ਲਕੀਰ ਹੋਵੇ
ਜੀਹਦੇ ਲੜ ਉਹਨੇ ਲੱਗਣਾ
ਉਹਨੇ ਰੱਬ ਕੋਲ ਬੈਠ ਲਿਖਾਈ ਨਾ ਆਪਣੀ ਤਕਦੀਰ ਹੋਵੇ

ਉਹ ਕਿਸੇ ਸੈਂਟਰ ਵਿੱਚ IELTS ਕਰਨ ਲੱਗੀ ਹੋਈ ਸੀ।
ਮੈਂ ਰੋਜ ਸਵੇਰੇ ਆਉਂਦਾ ਸੀ ਤੇ ਰੋਜ ਹੀ ਉਸਨੂੰ ਦੇਖਦਾ ਸੀ, ਤੇ ਉਹਨੂੰ ਦੇਖ ਕੇ ਇਹ ਪਹਿਲੀ ਵਾਰ ਹੋਇਆ ਕਿ ਮੈਨੂੰ ਕਿਸੇ ਕੁੜੀ ਤੋਂ ਡਰ ਨੀ ਸੀ ਲੱਗਾ ਤੇ ਚੰਗਾ ਚੰਗਾ ਲੱਗਦਾ ਸੀ। ਉਹਨੂੰ ਹਰ ਰੋਜ਼ ਦੇਖ ਕੇ ਮੇਰਾ ਦਿਨ ਵਧੀਆ ਲੰਘ ਜਾਂਦਾ ਸੀ ਤੇ ਕਦੇ ਕਦੇ ਕੰਮ ਤੋਂ ਬਹਾਨਾ ਮਾਰ ਕੇ ਉਹਦੀ ਛੁੱਟੀ ਟਾਈਮ ਵੀ ਉਸਨੂੰ ਦੇਖਣ ਜਾਂਦਾ ਸੀ।  ਤੇ ਫਿਰ ਸਾਰਾ ਸਾਰਾ ਦਿਨ ਉਹਦੇ ਬਾਰੇ ਸੋਚ ਦੇ ਰਹਿਣਾ।

ਜਿਹੜੀ ਬੱਸ ਤੇ ਉਹ ਆਉਂਦੀ ਸੀ ਮੈਨੂੰ ਉਹ ਬੱਸ ਦਾ ਨੰਬਰ ਵੀ ਯਾਦ ਹੋ ਗਿਆ ਸੀ। ਤਕਰੀਬਨ ਗਰਮੀਆਂ ਸ਼ੁਰੂ ਹੋ ਗਈਆਂ ਸੀ ਤੇ ਫਿਰ ਮੇਰਾ ਟਾਈਮ ਬਦਲ ਗਿਆ ਮੈਂ ਪਹਿਲਾਂ ਵਾਲੀ ਬੱਸ ਤੇ ਆਉਣ ਲੱਗ ਪਿਆ। ਕਿੰਨੇ ਦਿਨ ਮੈਂ ਉਹਨੂੰ ਨਾ ਦੇਖਿਆ, ਬਸ ਚੁੱਪ ਚਪੀਤਾ ਕੰਮ ਤੇ ਚਲਾ ਜਾਂਦਾ ਸੀ। ਮੈਨੂੰ ਤੇ ਉਹਦਾ ਨਾਮ ਵੀ ਨਹੀਂ ਸੀ ਪਤਾ ਪਰ ਉਹ ਮੈਨੂੰ ਸ਼ਰੀਫ ਤੇ ਸਾਦੀ ਜਿਹੀ ਲੱਗਦੀ ਸੀ। ਮੈਨੂੰ ਉਹਨੂੰ ਦੇਖ ਕੇ ਸਕੂਨ ਮਿਲਦਾ ਸੀ ਤਾਂ ਮੈਂ ਉਹਦਾ ਨਾਮ ਸਕੂਨ ਰੱਖ ਲਿਆ।

ਇਸੇ ਤਰ੍ਹਾਂ ਦਿਨ ਲੰਘਦੇ ਗਏ ਉਹਨੂੰ ਦੇਖਿਆ ਬਗ਼ੈਰ। ਫਿਰ ਇੱਕ ਦਿਨ ਮੈਂ ਮੇਰੇ ਨਾਲ ਕੰਮ ਕਰਦੇ ਮੁੰਡੇ ਨੂੰ ਲੈਣ ਗਿਆ ਸੀ।
ਮੈਂ ਉਹ ਨੂੰ ਲੈ ਕੇ ਮੁੜ ਰਿਹਾ ਸੀ ਕਿ ਅਚਾਨਕ ਸਕੂਨ
ਦੀ ਬੱਸ ਦਿਸ ਗਈ, ਜਿਵੇਂ ਕੁਦਰਤ ਨੇ ਸਾਨੂੰ ਫੇਰ ਮਿਲਾਉਣਾ ਹੋਵੇ ਤਾਂ ਉਸ ਬੱਸ ਦਾ ਪਿੱਛਾ ਕਰਦਾ ਕਰਦਾ ਠਾਣੇ ਕੋਲ ਆ ਗਿਆ ਕਿਉਂਕਿ ਉਸਦੀ ਬੱਸ ਅੱਡੇ ਵਿੱਚ ਨਹੀਂ ਸੀ ਜਾਂਦੀ, ਠਾਣੇ ਕੋਲ ਰੁਕਦੀ

ਸੀ। 18 ਅਪ੍ਰੈਲ 2023 ਦਿਨ ਮੰਗਲਵਾਰ ਸੀ ,
ਮੈਂ ਉਹਨੂੰ ਦੁਬਾਰਾ ਦੇਖਿਆ ਤਾਂ ਫਿਰ ਮੈਂ ਕੰਮ ਤੇ ਵੀ ਬਹਾਨਾ ਮਾਰ ਦਿੱਤਾ ਵੀ ਮੇਰੀ ਬੱਸ ਲੇਟ ਆਉਣ ਲੱਗ ਪਈ। ਮੈਂ ਫਿਰ ਤੋਂ ਉਹੀ ਟਾਈਮ ਆਉਣ ਲੱਗ ਗਿਆ। ਉਹਦੀ ਬੱਸ 9 ਵੱਜ ਕੇ 12 ਜਾਂ 15 ਦੇ ਵਿੱਚ ਵਿੱਚ ਆ ਜਾਂਦੀ ਸੀ।
ਮੈਂ ਫਿਰ ਉਸ ਨੂੰ ਦੇਖਣ ਜਾਂਦਾ ਸੀ, ਉਹਦਾ ਨਾਮ ਉਹਦੇ
ਪਿੰਡ ਦਾ ਨਾਂ ਕੁਝ ਵੀ ਨੀ ਸੀ ਮੇਰੇ ਕੋਲ..

## ਉਹਦੇ ਲਈ

**ਕਿ ਬਸ ਅੱਖਾਂ ਤੇ ਸੂਰਤ ਵੇਖੀ ਏ ਪਤਾ ਉਹਦਾ ਨਾਂ ਵੀ ਨਈ**
**ਘਰ ਆਕੇ ਮੈਂ ਮਾਂ ਨੂੰ ਦੱਸਣਾ ਸੀ ਪਰ ਦਿਖਦੀ ਕਿਤੇ ਮਾਂ ਵੀ ਨਈਂ**

**ਪਤਾ ਨੀ ਕਿਉਂ ਸਭ ਪਾਸਾ ਚੰਗਾ ਚੰਗਾ ਲੱਗਣ ਲੱਗਾ ਏ**
**ਪਰ ਬੋਲਿਆ ਅਜੇ ਬਨੇਰੇ ਕਾਂ ਵੀ ਨਈਂ**

ਮੇਰੇ ਕੋਲ ਬਸ ਜੋ ਨਾਂ ਉਹਦਾ ਮੈਂ ਰੱਖਿਆ ਸੀ ਸਕੂਨ ਬਸ ਉਹ ਹੀ ਜਾਣਦਾ ਸੀ। ਫਿਰ ਕਿੰਨੇ ਦਿਨ ਸੋਚਿਆ ਕੀਹਦੇ ਕੋਲ ਉਹਦਾ ਥਹੁ-ਪਤਾ ਹੋਊਗਾ। ਫੇਰ ਇੱਕ ਦਿਨ ਮੈਂ ਜਿਹੜੇ ਸੈਂਟਰ ਵਿੱਚ ਉਹ ਲੱਗੀ ਸੀ। ਸੈਂਟਰ ਵਾਲਿਆਂ ਦਾ ਇੰਸਟਾਗ੍ਰਾਮ ਅਕਾਊਂਟ ਸਰਚ ਕੀਤਾ ਵੀ ਉਹ ਅਕਾਊਂਟ ਨੂੰ ਫਾਲੋ ਕਰਦੀ ਹੋਣੀ ਆਂ ਸ਼ਾਇਦ ਕੁਝ ਪਤਾ ਲੱਗਜੇ, ਪਰ ਕਿੱਥੇ ਕੁਝ ਵੀ ਪਤਾ ਨਾ ਲੱਗਾ ਮੈਂ ਫੇਰ ਸਬਰ ਦਾ ਘੁੱਟ

ਭਰ ਲਿਆ । ਮੈਂ ਹਰ ਰੋਜ਼ ਉਹਨੂੰ ਦੇਖਣ ਜਾਂਦਾ ਸੀ ਤੇ ਉਹਨੂੰ ਦੇਖਣ ਦਾ ਅਲੱਗ ਈ ਸਰੂਰ ਸੀ।
ਫਿਰ ਉਹ ਕੁਝ ਦਿਨ ਆਉਣੋਂ ਹਟ ਗਈ, ਮੈਂ ਰੋਜ ਉਹਨੂੰ ਉਡੀਕ ਕੇ ਉਦਾਸ ਹੋ ਕੇ ਚਲਾ ਜਾਂਦਾ ਸੀ। ਫੇਰ ਕਾਫੀ ਦਿਨਾਂ ਬਾਅਦ ਮੈਂ ਫਿਰ ਤੋਂ ਸੈਂਟਰ ਵਾਲੇ ਅਕਾਊਂਟ ਤੇ ਸਰਚ ਕੀਤਾ ਤਾਂ ਮੈਨੂੰ ਇੱਕ ਫੋਟੋ ਲੱਭ ਗਈ ਕਿ ਉਹਨੂੰ 6.5 ਬੈਂਡ ਆ ਗਏ ਸੀ । ਇੱਕ ਪਾਸੇ ਖੁਸ਼ੀ ਵੀ ਹੋਵੇ ਕਿ ਉਹਨੂੰ ਬੈਂਡ ਆ ਗਏ ਤੇ ਇੱਕ ਪਾਸੇ ਉਦਾਸੀ ਵੀ ਹੁਣ ਕਿਹੜਾ ਉਹਨੇ ਆਇਆ ਕਰਨਾ ਗਾ। ਇੱਕ ਪਾਸੇ ਆਹ ਗੱਲ ਦੀ ਬਹੁਤ ਸਾਰੀ ਖੁਸ਼ੀ ਸੀ ਕਿ ਉਹਦਾ ਨਾਮ ਉਹਦੇ ਪਿੰਡ ਦਾ ਨਾਂ 'ਤੇ ਪਾਪਾ ਦਾ ਨਾਮ ਵੀ ਪਤਾ ਲੱਗ ਗਿਆ ਸੀ।

ਫੇਰ ਮੈਂ ਇੰਸਟਾਗ੍ਰਾਮ ਤੇ ਉਹਦਾ ਪਿੰਡ ਸਰਚ ਕੀਤਾ, ਉਹਦੇ ਪਿੰਡ ਦੇ ਮੁੰਡਿਆਂ ਦੇ ਅਕਾਊਂਟ ਦੇਖੇ ਮੈਂ ਲਗਾਤਾਰ 4 ਦਿਨ ਪਰ ਕੁਝ ਹੱਥ ਨਾ ਲੱਗਾ। ਫੇਰ ਇੱਕ ਅਕਾਊਂਟ ਮਿਲਿਆ ਜੋ ਕਿਸੇ ਕੁੜੀ ਦਾ ਸੀ। ਅਕਾਊਂਟ ਵਿੱਚ ਪ੍ਰੋਫ਼ਾਈਲ ਪਿੱਕ ਜਮਾਂ ਹੀ ਸਕੂਨ ਦੀ ਫੋਟੋ ਵਰਗੀ ਲੱਗੀ ਹੋਈ ਸੀ।

ਉਸੇ ਤਰ੍ਹਾਂ ਲੰਮੇ ਵਾਲ, ਰੰਗ-ਰੂਪ, ਗਲ ਵਿੱਚ ਚਾਂਦੀ ਦੀ ਚੈਨ, ਕਿੰਨੇ ਕਿੰਨੇ ਦਿਨ ਉਹ ਫੋਟੋ ਨੂੰ ਦੇਖ ਦੇਖ ਕੱਢੇ ਤੇ ਇੱਕ ਦਿਨ ਫੇਰ ਤੋਂ ਸਕੂਨ ਨੇ ਆਉਣਾ ਸ਼ੁਰੂ ਕਰ ਦਿੱਤਾ ਪਰ ਹੁਣ ਉਹਨੇ ਸੈਂਟਰ ਬਦਲ ਲਿਆ ਸੀ। ਮੈਂ ਸੋਚ ਰਿਹਾ ਸੀ ਕਿ ਇਹਦੇ ਤਾਂ ਬੈਂਡ ਆ ਗਏ ਸੀ । ਫਿਰ ਕਿਉਂ ਆਉਣ ਲੱਗ ਪਈ। ਫਿਰ ਅੰਦਰੋਂ ਆਵਾਜ਼ ਆਈ ਚੱਲ

ਛੱਡ ਪਰੇ ਤੈਨੂੰ ਕੀ। ਉਹ ਫਿਰ ਤੋਂ ਆਉਣ ਲੱਗ ਪਈ ਸ਼ੁਕਰ ਕੀਤਾ ਵਾਹਿਗੁਰੂ ਦਾ।

ਮੇਰਾ ਇੱਕ ਦੋਸਤ ਵੀ ਉਸੇ ਸੈਂਟਰ ਲੱਗਾ ਸੀ। ਪਹਿਲਾਂ ਤਾਂ ਮੈਂ ਉਹਨੂੰ ਦੱਸਿਆ ਨੀ ਫਿਰ ਸੋਚਿਆ ਸ਼ਾਇਦ ਕੋਈ ਗੱਲ ਬਣ ਜੇ। ਫੇਰ ਮੈਂ ਉਹਨੂੰ ਦੱਸ ਬੈਠਾ ਵੀ ਆ ਗੱਲ, ਐਨਾ ਟਾਈਮ ਹੋ ਗਿਆ ਮੈਨੂੰ ਲਾਈਕ ਕਰਦੇ ਨੂੰ। ਫਿਰ ਏਸੇ ਤਰ੍ਹਾਂ ਦਿਨ ਲੰਘਦੇ ਗਏ ਉਹ ਮੈਨੂੰ ਦੱਸ ਦਿੰਦਾ ਅੱਜ ਆਉਣਾ ਜਾਂ ਨਹੀਂ, ਸੈਂਟਰ ਚੋਂ ਛੁੱਟੀ ਕਦੋਂ ਹੋਣੀ ਆਂ। ਮੈਂ ਆਨੇ-ਬਹਾਨੇ ਉਹਨੂੰ ਦੇਖਣ ਨੂੰ ਆ ਜਾਂਦਾ ਸੀ।
ਇੱਕ ਦਿਨ ਮੈਨੂੰ ਪਤਾ ਲੱਗਾ ਕਿ ਉਹਦੇ ਕੋਲ ਸਨੈਪਚੈਟ ਆਈ ਡੀ ਆ ਪਰ ਮੈਂ ਉਹਨੂੰ ਕਿਹਾ ਨਹੀਂ ਸੀ ਵੀ ਮੈਨੂੰ ਆਈ ਡੀ ਦੇ-ਦੇ।
ਮੈਂ ਉਹਨੂੰ ਕਿਹਾ ਤੂੰ ਇਹ ਜਾ ਕੇ ਕਹਿ ਸਕਦਾਂ ਸਕੂਨ ਨੂੰ ਕਿ ਕੋਈ ਮੁੰਡਾ ਏ ਜੋ ਤੈਨੂੰ ਕਾਫ਼ੀ ਸਮੇਂ ਤੋਂ ਪਸੰਦ ਕਰਦਾ ਏ।
ਵੀ ਆਹ ਦਿਨ ਸੀ ਜਦੋਂ ਉਹਨੇ ਪਹਿਲੀ ਵਾਰ ਤੈਨੂੰ ਦੇਖਿਆ ਸੀ।
ਪਤਾ ਨਹੀਂ ਰੱਬ ਜਾਣਦਾ ਜਾਂ ਉਹ ਜਾਣਦਾ, ਉਹਨੇ ਕਿਹਾ ਜਾਂ ਨਹੀਂ ਕਿਹਾ।
ਫੇਰ ਇੱਕ ਦਿਨ ਸੀ ਜਦੋਂ ਮੈਂ ਉਹਨੂੰ ਜਮਾਂ ਆਪਣੇ ਕੋਲ ਦੀ ਦੇਖਿਆ। ਜਿਵੇਂ ਸਾਰੀ ਦੀ ਸਾਰੀ ਕੁਦਰਤ ਮੇਰੇ ਕੋਲ ਆਣ ਕੇ ਖਲੋ ਗਈ ਹੋਵੇ। ਉਸ ਦਿਨ ਬੱਸ ਚੌਂਕ ਵਿੱਚ ਦੀ ਹੋ ਕੇ ਮੋਗਾ ਰੋਡ ਤੇ ਖੜੀ ਸੀ। ਉਸ ਦਿਨ ਉਹਦੇ ਪੀਲੇ ਰੰਗ ਦਾ ਜੀਨ ਟੋਪ ਪਾਇਆ ਸੀ, ਦੋ ਗੁੱਤਾਂ ,ਪੈਰਾਂ ਵਿੱਚ ਕਾਲੇ ਰੰਗ ਦੇ ਸੈਂਡਲ ਪਾਏ ਹੋਏ ਸੀ ਤੇ ਪੈਰਾਂ ਦੀਆਂ ਉਂਗਲਾਂ ਤੇ ਕਾਲੇ ਰੰਗ ਦੀ ਨਹੁੰ ਪਾਲਸ਼ ਲੱਗੀ ਹੋਈ ਸੀ। ਬਿਲਕੁਲ ਇੱਕ ਮਾਸੂਮ

ਬੱਚੀ ਵਰਗੀ ਲੱਗਦੀ ਸੀ। ਉਹਦੇ ਬੁੱਲ੍ਹ ਤੇ ਲੈਫਟ ਸਾਈਡ ਕਿਸੇ ਚੀਜ਼ ਦਾ ਨਿਸ਼ਾਨ ਸੀ ਜਿਵੇਂ ਕੁਝ ਵੱਜਿਆ ਹੋਵੇ।

**ਉਹ ਦਾ ਮੇਰੇ ਕੋਲ ਦੀ ਲੰਘ ਜਾਣਾ**
**ਮੇਰੇ ਸਾਹ ਰੋਕ ਦਿੰਦਾ ਸੀ..**

ਉਸ ਦਿਨ ਮੈਂ ਬਹੁਤ ਨੇੜੇ ਦੀ ਉਹਦੀਆਂ ਅੱਖਾਂ ਨੂੰ ਦੇਖਿਆ ਮੈਨੂੰ ਬਹੁਤ ਸਕੂਨ ਮਿਲਿਆ, ਫਿਰ ਮੈਂ ਸੋਚਿਆ ਇਹਦਾ ਨਾਂ ਮੈਂ ਜਮਾਂ ਸਹੀ ਰੱਖਿਆ ਏ। ਮੈਂ ਉਹਨੂੰ ਉਹਦੇ ਅਸਲੀ ਨਾਮ ਨਾਲ ਨੀ ਸੀ ਬੁਲਾਉਂਦਾ ।
ਫੇਰ ਉਸ ਦਿਨ ਘਰ ਆਕੇ ਉਹਦੀਆਂ ਅੱਖਾਂ ਦੀ ਤਸਵੀਰ ਬਣਾਈ ਜੋ ਅੱਜ ਵੀ ਮੇਰੇ ਕੋਲ ਸਾਂਭ ਕੇ ਰੱਖੀ ਹੋਈ ਆ। ਐਵੇਂ ਈ ਦਿਨ ਲੰਘਦੇ ਗਏ ਕੁਝ ਨਾ ਕੁਝ ਉਹਦੇ ਬਾਰੇ ਲਿਖਦਾ ਰਹਿੰਦਾ ਸੀ।

**(ਸਕੂਨ )**
**ਮੈਂ ਅੱਜ ਵੀ ਉਹਨੂੰ ਪਾਉਣ ਦਾ**
**ਦਿਲ ਆਪਣੇ ਚ ਜਨੂੰਨ ਰੱਖਿਆ ਏ**
**ਸਾਰੇ ਉਹ ਨੂੰ گنویر ਆਖ ਕੇ ਬੁਲਾਉਂਦੇ**
**ਮੈਂ ਪਿਆਰ ਨਾਲ ਨਾਮ ਉਹਦਾ ਸਕੂਨ ਰੱਖਿਆ ਏ**

ਮੇਰਾ ਦੋਸਤ ਉਹਨੂੰ ਜਾ ਕੇ ਦੱਸਦਾ ਰਹਿੰਦਾ ਸੀ ਕਿ ਕੋਈ ਹੈ ਜੋ ਤੈਨੂੰ ਰੋਜ ਦੇਖਦਾ ਏ, ਬਹੁਤ ਕਰਦਾ ਏ ਤੇਰਾ। ਤੇਰੇ ਬਾਰੇ ਕੁਝ ਨਾ ਕੁਝ

ਲਿਖਦਾ ਰਹਿੰਦਾ ਏ। ਜਦੋਂ ਵੀ ਉਹਨੇ ਸ਼ਹਿਰ ਚ ਪੈਰ ਪਾਉਣਾ ਹੁੰਦਾ ਤਾਂ ਮੇਰੇ ਦਿਲ ਦੀ ਧੜਕਣ ਤੇਜ਼ ਹੋ ਜਾਂਦੀ ਵੀ ਹੁਣ ਉਹ ਆ ਗਈ। ਉਹਨੂੰ ਦੇਖ ਕੇ ਵਧੀਆ ਦਿਨ ਲੰਘਦੇ ਰਹੇ ਮੇਰੇ।

ਫੇਰ ਜੁਲਾਈ ਮਹੀਨੇ ਸਾਡੇ ਪਿੰਡ ਸੰਤਾਂ ਦੀ ਬਰਸੀ ਹੁੰਦੀ ਆ 2 ਤੋਂ 4 ਤੱਕ ਚੱਲਦੀ ਆ। ਮੈਨੂੰ ਪਤਾ ਸੀ ਕਿ ਉਹਦੇ ਕੋਲ ਸਨੈਪਚੈਟ ਦੀ ਆਈ ਡੀ ਆ ਮੈਂ ਕਿਵੇਂ ਨਾ ਕਿਵੇਂ ਕਰਕੇ ਆਪਣੇ ਨਾਲ ਵਾਲੇ ਤੋਂ ਸਕੂਨ ਦੀ ਸਨੈਪਚੈਟ ਦੀ ਆਈ ਡੀ ਮੰਗ ਲੀ ਪਰ ਉਹਨੇ ਆਈ ਡੀ ਨਾ ਦਿੱਤੀ ।

ਦੋਸਤ : ਕਹਿੰਦਾ ਬਾਈ ਮੈਂ ਨਹੀਂ ਦੇ ਸਕਦਾ ਕਿਉਂਕਿ ਉਹਨੂੰ ਮੈਂ ਭੈਣ ਕਹਿੰਨਾ ਵਾਂ ਤਾਂ ਕਰਕੇ ।

ਮੈਂ : ਕਿਹਾ ਚੱਲ ਛੱਡ ਯਾਰ ਜੇ ਤੂੰ ਭੈਣ ਕਹਿੰਨਾ ਤਾਂ ਰਹਿਣ ਦੇ ਆਈ ਡੀ ਨੂੰ ।

ਦੋਸਤ : ਕਹਿੰਦਾ ਕਿ ਤੂੰ ਮੇਰੇ ਨਾਲ ਚੱਲ ਆਪੇ ਗੱਲ ਕਰ ਲਈਂ, ਪਰ ਮੈਂ ਤਾਂ ਪਹਿਲਾਂ ਈ ਬਹੁਤ ਡਰਦਾ ਸੀ ਮੈਂ ਕਿਹਾ ਮੇਰੇ ਤੋਂ ਗੱਲ ਨੀ ਹੋਣੀ।

ਕਹਿੰਦਾ ਤੂੰ ਡਰ ਨਾ ਉਹ ਤੈਨੂੰ ਕੁਝ ਨੀ ਕਹਿੰਦੀ, ਪਰ ਮੈਂ ਡਰਦਾ ਸੀ ਪਰ ਕਿਵੇਂ ਨਾ ਕਿਵੇਂ ਕਰਕੇ ਮੈਂ ਦਿਲ ਕਰੜਾ ਕਰਕੇ ਚਲਾ ਗਿਆ।

3 ਜੁਲਾਈ 2023, ਦਿਨ ਸੋਮਵਾਰ ਮੈਨੂੰ 12:00 ਦਾ ਟਾਈਮ ਦਿੱਤਾ ਸੀ।

ਮੈਂ ਗੁਰੂਦੁਆਰਾ ਸਾਹਿਬ ਮੱਥਾ ਟੇਕ ਕੇ ਆਵਦੇ ਜਾਣੀ ਪੂਰੀ ਤਿਆਰੀ ਨਾਲ ਗਿਆ, ਨਾਲ ਮੇਰੇ ਇੱਕ ਹੋਰ ਮੁੰਡਾ ਸੀ।

ਮੈਂ ਪਹੁੰਚ ਗਿਆ 12:00 ਤੇ 12:00 ਦਾ ਈ ਟਾਇਮ ਦਿੱਤਾ ਸੀ, 12:00 ਤੋਂ 2 ਵੱਜ ਗਏ ਫੇਰ ਉਹ 2:30 ਵਜੇ ਫ਼ਰੀ ਹੋਈ।

ਮੈਂ ਆਪਣੇ ਦੋਸਤ ਦੇ ਨਾਲ ਚਲਾ ਗਿਆ ਪਹਿਲਾ ਤਾਂ ਉਹਨੇ ਮੈਨੂੰ ਸੈਂਟਰ ਵਿਚ ਲੈਕੇ ਜਾਣਾ ਸੀ ਪਰ ਗਿਆ ਨੀ। ਫੇਰ ਮੈਂ ਸੈਂਟਰ ਦੇ ਨਾਲ ਵਾਲੀ ਗਲੀ ਸੀ ਉੱਥੇ ਚਲਾ ਗਿਆ। ਉਹ ਆਪ ਥੱਲੇ ਤਾਂ ਨੀ ਸੀ ਆਈ, ਸੈਂਟਰ ਦੇ ਫਸਟ ਫਲੋਰ ਤੇ ਖੜੀ ਸੀ। ਉੱਥੋਂ ਹੀ ਮੈਨੂੰ ਦੇਖਿਆ ਸੀ, ਸ਼ਾਇਦ ਉਹਨੇ ਦੇਖਿਆ ਕੇ ਨਹੀਂ ਪਰ ਉਹ ਦੇ ਨਾਲ ਦੀਆਂ ਕੁੜੀਆਂ ਨੇ ਹੀ ਮੈਨੂੰ ਰਿਜੈਕਟ ਕਰ ਦਿੱਤਾ ਸੀ। ਉਸ ਦਿਨ ਉਹਦੇ ਪਰਪਲ ਰੰਗ ਦਾ ਜੀਨ ਟੋਪ ਪਾਇਆ ਸੀ।

ਮੈਂ ਉੱਥੇ ਉਦਾਸ ਜਿਹਾ ਮੂੰਹ ਲੈ ਕੇ ਵਾਪਸ ਘਰ ਨੂੰ ਆ ਗਿਆ ਸੀ। ਫੇਰ ਮੈਨੂੰ ਪਤਾ ਲੱਗਾ ਕਿ 15 ਜੁਲਾਈ ਨੂੰ ਉਹਦਾ ਜਨਮ ਦਿਨ ਏ। ਫਿਰ ਸ਼ਾਮ ਨੂੰ ਮੈਂ ਬਿਨਾ ਕਿਸੇ ਨੂੰ ਦੱਸੇ ਉਹਦੇ ਨਾਂ ਦਾ ਕੇਕ ਕੱਟਿਆ। ਇਹ ਗੱਲ ਦਾ ਕਿਸੇ ਨੂੰ ਵੀ ਨੀ ਪਤਾ ਸਿਰਫ਼ ਮੈਨੂੰ ਪਤਾ ਜਾਂ ਫਿਰ ਮੇਰੇ ਰੱਬ ਨੂੰ ਪਤਾ। ਨਾ ਹੋਣ ਦੇ ਬਾਅਦ ਵੀ ਬੰਦਾ ਕੀ ਕੀ ਕਰਦਾ ਏ..

(29 ਹਾੜ)

**ਕਿ ਮੇਰੀ ਹਿੰਮਤ ਹਿੰਮਤ ਨੀ ਕਰਦੀ ਬੜੀ ਨਿਕੰਮੀ ਆ**
**ਇੱਕ ਤਾਂ ਉਹਨੂੰ ਬੁਲਾਉਣ ਤੋਂ ਡਰ ਜਿਹਾ ਲੱਗਦਾ**
**ਥੋੜੇ ਜਿਹੇ ਗਰਮ ਸੁਭਾਅ ਦੀ ਆ ਖ਼ਬਰੇ ਹਾੜ ਮਹੀਨੇ ਜੰਮੀ ਆ**

ਫਿਰ ਹਰ ਰੋਜ਼ ਮੈਂ ਉਹਦੇ ਬਾਰੇ ਲਿਖਣ ਲੱਗ ਪਿਆ। ਕੁਝ ਨਾ ਕੁਝ ਲਿਖ ਕੇ ਸਟੋਰੀ, ਸਟੇਟਸ ਪਾ ਦਿੰਦਾ ਤੇ ਮੇਰਾ ਦੋਸਤ ਉਹਨੂੰ ਜਾ ਕੇ ਦੱਸ ਦਿੰਦਾ ਸੀ ਵੀ ਅੱਜ ਉਹਨੇ ਤੇਰੇ ਵਾਸਤੇ ਆਹ ਲਿਖਿਆ ਏ।

ਫੇਰ ਇੱਕ ਦਿਨ ਲਿਖਿਆ ਸੀ ਕਿ

**(ਦੋ ਗੁੱਤਾਂ)**
**ਨਾ ਚਿਹਰੇ ਤੇ ਕਾਲਾ ਤਿਲ ਸੀ**
**ਨਾ ਗੱਲ੍ਹਾਂ ਦੇ ਵਿੱਚ ਟੋਏ**
**ਬਸ ਦੋ ਗੁੱਤਾਂ ਤੇ ਭੋਲਾ ਚਿਹਰਾ ਸੀ**
**ਜੀਹਦੇ ਮੈਂ ਤੇ ਮੇਰਾ ਦਿਲ ਮੁਰੀਦ ਹੋਏ**

ਏ ਲਿਖਤ ਦਿਖਾਈ ਸੀ ਉਸਨੇ ਉਹਨੂੰ, ਪਤਾ ਨੀ ਕੀ ਆਇਆ ਉਹਦੇ ਦਿਲ ਵਿੱਚ ਕਿ ਮੈਨੂੰ ਐਡ ਕਰ ਲਿਆ।
6 ਅਗਸਤ 2023 ਦਿਨ ਐਤਵਾਰ ਨੂੰ ਮੈਨੂੰ ਮੇਰੇ ਨਾਲ ਦੇ ਦਾ ਫੋਨ ਆਇਆ ਵੀ ਤੈਨੂੰ ਆਈ ਡੀ ਦੇਣ ਲੱਗਾ ਵਾਂ ਉਹਦੀ। ਮੈਨੂੰ ਬਹੁਤ ਖੁਸ਼ੀ ਹੋਈ ਜਿਵੇਂ ਰੱਬ ਨੇ ਮੇਰੀ ਨੀਵੇਂ ਹੋ ਕੇ ਸੁਣੀ ਹੋਵੇ। 2:07 ਮਿੰਟ ਤੇ ਮੈਂ ਉਹਦੇ ਨਾਲ ਐਡ ਹੋਇਆ ਤੇ 2:43 ਮਿੰਟ ਤੇ ਉਹ ਦੀ ਸਨੈਪ ਆਈ.. ਹਜੇ ਸੋ ਕੇ ਉੱਠੀ ਸੀ। ਤੇ ਫੇਰ ਮੈਂ ਉਹ ਨੂੰ ਮੈਸੇਜ ਕੀਤਾ ਧੰਨਵਾਦ ਕਰਨ ਲਈ, ਆਪਣੇ ਨਾਲ ਜੋੜਨ ਨੂੰ ਤੇ ਉਹਦਾ ਰਿਪਲਾਈ ਸੀ ( ਜੀ ਕੋਈ ਨਾ 😇 )

ਫੇਰ 3,4 ਦਿਨ ਬਾਅਦ ਮੈਂ ਉਹਦਾ ਹਾਲ ਪੁੱਛਦਾ ਰਹਿੰਦਾ ਸੀ। ਰੋਜ ਤਾਂ ਨੀ ਪੁੱਛਦਾ ਸੀ ਵੀ ਮੈਨੂੰ ਆਏਂ ਸੀ ਕਿ ਕਿਤੇ ਨਰਾਜ਼ ਨਾ ਹੋ ਜੇ, ਬਲੌਕ ਈ ਨਾ ਕਰਜੇ। ਅਸੀਂ ਰੋਜ ਇੱਕ ਦੂਜੇ ਦੀਆਂ ਸਨੈਪਸ ਦੇਖਦੇ ਰਹਿੰਦੇ ਪਰ ਇੱਕ ਦਿਨ ਉਹਨੇ ਆਪਣੀ ਸਨੈਪ ਪਾਈ। ਉਹ ਕਾਫ਼ੀ ਉਦਾਸ ਸੀ ਮੈਂ ਉਹਨੂੰ ਪੁੱਛਿਆ ਵੀ ਸੀ ਕਿ ਕੀ ਗੱਲ ਏ। ਪਹਿਲਾਂ ਉਹਨੇ ਨਾ ਦੱਸਿਆ ਮੈਂ ਵੀ ਆਪਣੇ ਦੋਸਤ ਦੇ ਜਨਮ ਦਿਨ ਤੇ ਗਿਆ ਹੋਇਆ ਸੀ ।

**ਉਹਦਾ ਮੈਂ ਹਾਲ ਨਾ ਪੁੱਛਾਂ,**
**ਇਹ ਨਾਂਹ ਮੇਰੇ ਵੱਸ ਦੀ ਨਈਂ**

**ਗੱਲ ਗੱਲ ਤੇ ਉਹ ਰੋ ਪੈਂਦੀ ਆ**
**ਮੇਰੇ ਪੁੱਛਣ ਤੇ ਵੀ ਕਾਰਨ ਹੰਝੂਆਂ ਦਾ ਦੱਸਦੀ ਨਈਂ**

**ਜੇ ਮੈਂ ਆਖਾਂ ਉਹਨੂੰ, ਮੇਰੇ ਆਖੇ ਤੇ ਵੀ**
**ਉਹ ਰਤਾ ਭਰ ਵੀ ਹੱਸਦੀ ਨਈਂ**

**ਡੇਰਾ ਲਾਕੇ ਬੈਠੀ ਆ, ਖਾਮੋਸ਼ੀ ਉਸਦੇ ਚਿਹਰੇ ਤੇ**
**ਉਹਦੇ ਕਹਿਣੇ ਤੇ ਵੀ ਨੱਸਦੀ ਨਈਂ**

**ਉਹਨੇ ਆਪਣਾ ਕੀ ਹਾਲ ਬਣਾ ਲਿਆ ਏ**
**ਹਾਰ-ਸ਼ਿੰਗਾਰ ਤੇ ਜ਼ੁਲਫ਼ਾਂ ਨੂੰ ਵੀ ਹੁਣ ਕੱਸਦੀ ਨਈਂ**

**ਪਹਿਲਾਂ ਕਿੰਨੀ ਖੁਸ਼ ਮਿਜਾਜ ਸੀ ਉਹ**
**ਹੁਣ ਚੰਨ ਦੇ ਵਾਂਗ ਲੱਸਦੀ ਨਈਂ**

**ਉਹਨੂੰ ਕਿਸੇ ਗੱਲ ਤੋਂ ਨਾਂਹ ਕਰਾਂ**
**ਇਹ ਨਾਂਹ ਮੇਰੇ ਵੱਸ ਦੀ ਨਈਂ**

ਫੇਰ ਉਹਨੇ ਆਪਣੇ ਉਦਾਸ ਹੋਣ ਦਾ ਕਾਰਨ ਦੱਸਿਆ ਤੇ ਉਹ ਆਪਣੇ ਨਾਨਕੇ ਪਿੰਡ ਰਹਿੰਦੀ ਸੀ । ਉਹਦੇ ਨਾਲ ਮੇਰਾ ਐਨਾ ਲਗਾਵ ਹੋ ਗਿਆ ਸੀ ਕਿ ਉਹਦੇ ਬਿਮਾਰ ਹੋਣ ਦਾ ਵੀ ਮੈਨੂੰ ਪਹਿਲਾਂ ਪਤਾ ਲੱਗ ਜਾਂਦਾ ਸੀ। ਮੈਂ ਇਹ ਕਿਸੇ ਕਿਤਾਬ ਵਿੱਚ ਵੀ ਪੜ੍ਹਿਆ ਸੀ ਕਿ ਜੀਹਦੇ ਨਾਲ ਆਪਣਾ ਬਹੁਤ ਸਾਰਾ ਲਗਾਵ ਹੋਵੇ ਉਹਦੇ ਨਾਲ ਹੋਣ ਵਾਲਾ ਕੁਝ ਵੀ ਆਪਾਂ ਨੂੰ ਪਹਿਲਾਂ ਪਤਾ ਲੱਗ ਜਾਂਦਾ ਏ ਤੇ ਮੈਂ ਸਾਰਾ ਸਾਰਾ ਦਿਨ ਈ ਉਹਦੇ ਬਾਰੇ ਸੋਚ ਦਾ ਰਹਿੰਦਾ ਸੀ। ਉਵੇਂ ਤਾਂ ਸਾਡੀ ਤਿੰਨ ਚਾਰ ਦਿਨਾਂ ਬਾਅਦ ਗੱਲ ਹੋ ਜਾਂਦੀ ਸੀ। ਫੇਰ ਇੱਕ ਦਿਨ ਮੈਂ ਹੌਂਸਲਾ ਜਾ ਕੱਠਾ ਕਰਕੇ ਉਹਨੂੰ ਸਭ ਕੁਝ ਦੱਸ ਦਿੱਤਾ ਵੀ ਮੈਂ ਇੰਨੇ ਸਮੇਂ ਤੋਂ ਥੋਨੂੰ ਦੇਖਦਾਂ ਥੋਨੂੰ ਪਸੰਦ ਕਰਦਾਂ। ਜਦੋਂ ਪਹਿਲੀ ਵਾਰ ਦੇਖਿਆ ਸੀ ਥੋਡੇ ਆਹ ਸੂਟ ਪਾਇਆ ਸੀ, ਦਿਨ ਆਹ ਸੀ, ਕੱਲੀ ਕੱਲੀ ਗੱਲ ਦੱਸ ਦਿੱਤੀ। ਪਰ ਉਹ ਕਹਿੰਦੀ ਮੇਰੀ ਪਹਿਲਾਂ ਹੀ ਘਰਦਿਆਂ ਨੇ ਪੱਕ-ਠੱਕ ਕੀਤੀ ਹੋਈ ਆ ਵੀ ਮੈਂ ਤੇਰੇ ਜਜ਼ਬਾਤਾਂ ਦੀ ਕਦਰ ਕਰਦੀ ਆਂ ਪਰ ਮੈਂ ਮਜਬੂਰ ਆਂ। ਤੇ

ਮੈਂ ਵੀ ਅੱਗੋਂ ਚੁੱਪ ਜਿਹਾ ਹੋ ਗਿਆ ਤੇ ਕਰ ਵੀ ਕੀ ਸਕਦਾ ਸੀ, ਉਦਾਸੀ ਸੀ ਬਸ ਪੱਲੇ...

ਪਰ ਮੈਨੂੰ ਉਹਦੀ ਇਹ ਗੱਲ ਤੇ ਯਕੀਨ ਜਿਹਾ ਨੀ ਆਇਆ। ਮੈਨੂੰ ਕਿਤੇ ਨਾ ਕਿਤੇ ਲੱਗਦਾ ਸੀ ਉਹ ਝੂਠ ਬੋਲ ਰਹੀ ਆ, ਪਤਾ ਨੀ ਰੱਬ ਜਾਣਦਾ ਸੀ ਜਾਂ ਉਹ ਜਾਣਦੀ ਸੀ।ਇਹ ਗੱਲ ਮੈਂ 16 ਅਗਸਤ ਦਿਨ ਬੁੱਧਵਾਰ 2023 ਨੂੰ ਕਹੀ ਸੀ। ਚੱਲ ਮੈਨੂੰ ਐਨਾ ਸੀ ਕਿ ਮੈਂ ਉਹਦੇ ਨਾਲ ਜੁੜਿਆ ਹੋਇਆ ਵਾਂ ਮੇਰੇ ਨਾਲ ਗੱਲ ਕਰਦੀ ਆ, ਇਸ ਜਨਮ ਚ ਐਨਾ ਈ ਬਹੁਤ ਆ।

ਮੈਂ ਪਹਿਲਾਂ ਜਮਾਂ ਨੀ ਸਨੈਪਚੈਟ ਵਰਤਦਾ ਸੀ, ਬਸ ਇੱਕ ਉਹੀ ਕਾਰਨ ਸੀ ਤੇ ਪਹਿਲੀ ਵਾਰ ਮੈਂ ਐਨੀਆਂ ਸਟਰੀਕਾਂ ਜੋੜੀਆਂ ਸੀ ਉਹਦੇ ਨਾਲ। ਫੇਰ 23 ਅਗਸਤ 2023 ਦਿਨ ਬੁੱਧਵਾਰ ਨੂੰ ਉਹ ਮੈਨੂੰ ਬਲੌਕ ਕਰਗੀ ਕਾਰਨ ਵੀ ਨੀ ਸੀ ਦੱਸਿਆ। ਬਸ ਲਾਸਟ ਸਨੈਪ ਲਿਖਕੇ ਸਨੈਪ ਸੈਂਡ ਕੀਤੀ ਤੇ ਰਿਮੂਵ ਕਰਗੀ। ਮੈਂ ਉਸ ਦਿਨ ਘਰ ਹੀ ਸੀ ਮੇਰੀ ਲਾਸਟ ਸਨੈਪ ਅਮਰਿੰਦਰ ਗਿੱਲ ਦੀ ਫਿਲਮ ਅੰਗਰੇਜ਼ ਦੀ ਸੀ ।

ਫੇਰ ਮੈਂ 10 ਸਤੰਬਰ ਦਿਨ ਐਤਵਾਰ ਨੂੰ ਨਾਨਕੇ ਪਿੰਡ ਚਲਾ ਗਿਆ ਤੇ ਦੂਜੇ ਦਿਨ ਸਵੇਰੇ 6:00 ਵਜੇ ਵਾਲੀ ਬੱਸ ਤੇ ਆ ਗਿਆ। ਮੈਨੂੰ ਐਵੇਂ ਹੁਣ ਮੇਰੇ ਨਾਲ ਗੱਲ ਨੀ ਕਰਦੀ ਕੀ ਪਤਾ ਹੁਣ ਕੋਈ ਗੱਲ ਬਣ ਜੇ ਪਰ ਮਾੜੀ ਕਿਸਮਤ ਮੈਂ ਪਹਿਲਾਂ ਵਾਲੀ ਬੱਸ ਤੇ ਚੜ ਗਿਆ। ਉਹ ਦੋਵੇਂ ਬੱਸਾਂ ਇੱਕੋ ਜਿਹੀਆਂ ਸੀ। ਫੇਰ ਸਾਡੀ 39 ਦਿਨ ਗੱਲ ਨਾ ਹੋਈ। ਮੈਂ ਰੋਜ ਸਵੇਰੇ ਤੇ ਸ਼ਾਮ ਨੂੰ ਮੈਸੇਜ ਕਰਦਾ ਪਰ ਕੋਈ ਜੁਆਬ ਨਾ ਆਉਂਦਾ। ਫੇਰ 2 ਅਕਤੂਬਰ 2023 ਦਿਨ ਸੋਮਵਾਰ ਜਿਸ ਦਿਨ ਸਾਡੀ ਗੱਲ ਹੋਈ, ਕੋਈ ਕਾਰਨ ਈ ਐਵੇਂ ਦਾ ਸੀ ਕਿ ਮੈਨੂੰ ਰਿਮੂਵ

ਕਰਗੀ। ਉਹ ਵੀ ਆਪਣੀ ਜਗ੍ਹਾ ਤੇ ਸਹੀ ਸੀ ਕਿਉਂਕਿ ਕਿਸੇ ਨੇ ਕੰਮ ਈ ਕੁਝ ਐਦਾਂ ਦਾ ਕੀਤਾ ਸੀ।
ਪਰ ਇਹ ਦੇ ਵਿੱਚ ਮੇਰੀ ਕੋਈ ਗਲਤੀ ਨਹੀਂ ਸੀ। ਵਾਹਿਗੁਰੂ ਦੀ ਕਿਰਪਾ ਨਾਲ ਮੈਂ ਫਿਰ ਤੋਂ ਉਹਦੇ ਨਾਲ ਜੁੜ ਗਿਆ। ਫਿਰ ਸਾਡੀ ਹਫ਼ਤੇ ਵਿੱਚ 3-4 ਵਾਰ ਗੱਲ ਹੋ ਜਾਂਦੀ ਸੀ ।
ਸਭ ਕੁਝ ਵਧੀਆ ਚੱਲ ਰਿਹਾ ਸੀ।

ਫੇਰ ਮੈਂ ਇੱਕ ਦਿਨ ਕਿਸੇ ਕੰਮ ਲਈ ਜਲੰਧਰ ਗਿਆ ਮੈਂ ਸਵੇਰੇ ਜਲਦੀ ਈ ਚਲਾ ਗਿਆ ਸੀ। ਤੇ ਉਸ ਰਾਤ ਮੈਨੂੰ ਸੁਪਨਾ ਆਇਆ ਕਿ ਉਹਦੇ ਨਾਲ ਕੁਝ ਬੁਰਾ ਹੋਣ ਵਾਲਾ ਏ। ਮੈਂ ਓਹਨੂੰ 8:30 ਮੈਸੇਜ ਕੀਤਾ ਕਿ ਅੱਜ ਤੁਸੀਂ ਰੋਡ ਧਿਆਨ ਨਾਲ ਲੰਘਿਓ।

ਸਵੇਰੇ ਤਾਂ ਉਹ ਲੰਘਗੀ ਪਰ ਜਦੋਂ ਸੈਂਟਰ ਚੋਂ ਛੁੱਟੀ ਹੋਈ ਤਾਂ ਉਸ ਟਾਈਮ ਉਹਦੇ ਵਿੱਚ ਕਾਰ ਵੱਜਣੀ ਸੀ। ਪਰ ਉਹ ਵਾਹਿਗੁਰੂ ਦੀ ਮਿਹਰ ਸਦਕਾ ਉਹ ਬਚ ਗਈ। ਉਸੇ ਦਿਨ ਸ਼ਾਮ ਨੂੰ ਜਦ ਮੈਂ ਫੇਰ ਦੁਬਾਰਾ ਮੈਸੇਜ ਕੀਤਾ ਤਾਂ ਉਹ ਦਾ ਅੱਗਿਓਂ ਫੋਨ ਆ ਗਿਆ। ਤਾਂ ਮੈਨੂੰ ਪਹਿਲੀ ਵਾਰ ਉਹਦਾ ਫੋਨ ਆਇਆ 9 ਅਕਤੂਬਰ ਦਿਨ ਸੋਮਵਾਰ। ਮੈਨੂੰ ਬਹੁਤ ਖੁਸ਼ੀ ਹੋਈ ਜਿਵੇਂ ਰੱਬ ਨੇ ਆਪ ਫੋਨ ਲਾਇਆ ਹੋਵੇ। ਫਿਰ ਉਹਦੇ ਕਰਕੇ ਰੋਜ ਸਵੇਰੇ ਮੈਂ ਗੁਰਦੁਆਰੇ ਜਾਣ ਲੱਗ ਪਿਆ, ਉਹਦੇ ਲਈ ਅਰਦਾਸਾਂ ਕਰਨ ਲੱਗ ਪਿਆ।
ਗੁਰਦੁਆਰਾ ਅੜੀਸਰ ਸਾਹਿਬ ਜਾਂਦਾ ਤਾਂ ਅਰਦਾਸਾਂ ਕਰਦਾ। ਉਹ ਵੀ ਸਵੇਰੇ ਗੁਰਦੁਆਰਾ ਸਾਹਿਬ ਜਾਂਦੀ ਸੀ ਤੇ ਸਾਡੀ ਵਧੀਆ ਗੱਲਬਾਤ

ਹੁੰਦੀ ਰਹਿੰਦੀ ਸੀ।

ਥੋੜੇ ਦਿਨ ਬਾਅਦ ਉਹ ਸੈਂਟਰ ਆਉਣੋਂ ਹਟ ਗਈ ਤੇ ਘਰ ਬੈਠਕੇ ਪੇਪਰ ਦੀ ਤਿਆਰੀ ਕਰਨ ਲੱਗ ਪਈ। ਹੌਲ਼ੀ ਹੌਲ਼ੀ ਕਰਦੀ ਗਈ, ਆਖਿਰ ਨੂੰ ਪੇਪਰ ਭਰਤਾ PTE ਦਾ ।

ਉਸ ਦਿਨ ਮੈਂ ਸਪੈਸ਼ਲ ਗੁਰੁਦਆਰੇ ਅਰਦਾਸ ਕੀਤੀ ਕਿ ਉਹਦੀ ਮਿਹਨਤ ਦਾ ਮੁੱਲ ਉਹਨੂੰ ਮਿਲਜੇ। ਸ਼ਾਮ ਨੂੰ ਜਦ ਮੈਂ ਪੁੱਛਿਆ ਤਾਂ ਉਹ ਵਿਚਾਰੀ ਰੋਣ ਲੱਗ ਪਈ ਵੀ ਸਕੋਰ ਫੇਰ ਘੱਟ ਗਏ। ਫਿਰ ਸਾਡੇ ਘਰ ਵਿਆਹ ਆ ਗਿਆ ਮੈਂ ਉਹਨੂੰ ਵੀ ਸੱਦ ਲਿਆ। ਪਹਿਲਾਂ ਤਾਂ ਉਹ ਨੇ ਨਾਂਹ ਕਰਤੀ ਵੀ ਮੇਰੇ ਸਕੋਰ ਨੀ ਆਏ ਮੈਨੂੰ ਘਰਦਿਆਂ ਨੇ ਨੀ ਆਉਣ ਦੇਣਾ।

ਮੈਂ ਉਹਨੂੰ 2-3 ਦਿਨ ਲਗਾਤਾਰ ਕਹਿੰਦਾ ਰਿਹਾ ਫੇਰ ਉਹਨੇ ਆਉਣ ਲਈ ਹਾਂ ਕਰਤੀ।  ਮੈਨੂੰ ਐਵੇਂ ਖੁਸ਼ੀ ਹੋਈ ਜਿਵੇਂ ਖ਼ੁਦ ਰੱਬ ਨੇ ਆਪ ਆਉਣਾ ਹੋਵੇ ਵਿਆਹ ਤੇ। ਪਰ ਕਿਸੇ ਕਾਰਨ ਉਹ ਨਾ ਆਈ  ਕੁਝ ਹਾਲਾਤ ਈ ਐਵੇਂ ਦੇ ਸੀ, ਕੀ ਕਰ ਸਕਦੇ ਸੀ।

ਫਿਰ ਵਿਆਹ ਤੋਂ ਦੂਜੇ ਦਿਨ ਉਹਦਾ ਫੋਨ ਆਇਆ, ਮਾਂ ਨਾਲ ਗੱਲ ਹੋਈ ਤੇ ਮੇਰੀ ਮਾਂ ਨੂੰ ਉਹਨੇ ਮਾਂ ਕਿਹਾ। ਮੇਰੀ ਖੁਸ਼ੀ ਦਾ ਕੋਈ ਠਿਕਾਣਾ ਨਹੀਂ ਸੀ, 30 ਨਵੰਬਰ 2023 ਦਿਨ ਵੀਰਵਾਰ ਨੂੰ।

ਬਸ ਐਵੇਂ ਹੀ ਦਿਨ ਲੰਘਦੇ ਜਾਂਦੇ ਸੀ। ਮੈਂ ਹਰ ਚੌਥੇ-ਪੰਜਵੇਂ ਦਿਨ ਉਹਨੂੰ ਕੁਝ ਨਾ ਕੁਝ ਉਹਦੇ ਨਾਮ ਤੇ ਲਿਖਕੇ ਭੇਜਦਾ। ਜਦ ਉਹ ਸੇਵ ਕਰਦੀ ਮੈਨੂੰ ਬਹੁਤ ਸਕੂਨ ਮਿਲਦਾ।

ਕਿ ਉਹਦੀਆਂ ਗੱਲਾਂ ਵੀ ਨੇ
ਉਹਦੇ ਸਿਰਨਾਵੇਂ ਬੜੇ ਨੇ
ਉਹਦੇ ਕਿੱਸੇ ਵੀ ਨੇ ਪਰ ਟਾਵੇਂ-ਟਾਵੇਂ ਬਣੇ ਨੇ

ਇਹ ਜੋ ਲਿਖਤਾਂ
ਗ਼ਜ਼ਲ ਗੀਤ ਘੜੇ ਨੇ
ਸਭ ਉਹਦੀਆਂ ਹੀ ਛਾਂਵੇਂ ਬਣੇ ਨੇ

ਉਹ ਸਾਧ ਮੁਰਾਦੀ
ਤੇ ਉਹਦੀ ਸਾਦਗੀ ਸੋਹਣੀ
ਬੇਸ਼ੱਕ ਅੱਧੇ ਚੰਨ ਵਾਂਗ ਸੂਟਾਂ ਦੇ ਗਲਾਵੇ ਬਣੇ ਨੇ

ਗੁਲਾਬਾਂ ਦੀ ਕਲੀਆਂ
ਨੂੰ ਦੇਖ ਕੇ ਪਤਾ ਲੱਗਦਾ گنویر
ਦੇ ਆਪਣੇ ਪਰਛਾਵੇਂ ਬੜੇ ਨੇ

ਮੋਹ ਨਾਲ
ਸਕੂਨ ਨਾਂ ਰੱਖਿਆ ਮੈਂ ਉਹਦਾ
ਉਹਦੇ ਵੀ ਕਿੱਸੇ ਹਰ ਥਾਵਾਂ ਬੜੇ ਨੇ

ਮੈਨੂੰ ਤਾਂ ਬਸ ਇਹਦੇ ਕਿੱਸੇ ਸੌਂਹਦੇ ਨੇ
ਹੀਰਾਂ,ਸੱਸੀਆਂ,ਸੋਹਣੀਆਂ ਦੇ
ਜੱਗ ਉੱਤੇ ਹਜ਼ਾਰਾਂ ਕਿੱਸੇ ਭਾਵੇਂ ਬਣੇ ਨੇ

ਏਸੇ ਤਰ੍ਹਾਂ ਉਹਨੂੰ ਭੇਜਦਾ ਰਹਿੰਦਾ ਸੀ ਉਹ ਸੇਵ ਕਰਦੀ ਰਹਿੰਦੀ। ਫਿਰ ਇੱਕ ਦਿਨ ਮੈਂ ਉਹਦੇ ਹੱਥਾਂ ਦੀ ਫੋਟੋ ਮੰਗ ਲਈ ਪਹਿਲਾਂ ਤਾਂ ਬਹੁਤ ਸਵਾਲ ਕੀਤੇ ਵੀ ਕਰਨੀ ਕੀ ਆ ਫੇਰ ਭੇਜਤੀ  ਤੇ ਮੈਨੂੰ ਮਿਲ ਗਈ ਸੀ। 23 ਜਨਵਰੀ 2024 ਨੂੰ ਮੈਂ ਉਹਨੂੰ ਪੁੱਛਿਆ ਵੀ ਤੁਸੀਂ ਆਪਣੇ ਆਹ ਵਾਲੇ ਜਨਮਦਿਨ ਤੇ ਪੰਜਾਬ ਹੀ ਹੋਵੋਂਗੇ ਪਹਿਲਾਂ ਕਹਿੰਦੀ ਹਾਂ। ਫਿਰ ਉਹਨੇ ਪੁੱਛਿਆ ਕਿਉਂ ਕੀ ਹੋ ਗਿਆ ਮੈਂ ਕਿਹਾ ਕੋਈ ਗੱਲ ਆ ਟਾਈਮ ਆਉਣ ਤੇ ਦੱਸੂ। ਫਿਰ ਉਹ ਬਦਲ ਗਈ ਕਹਿੰਦੀ ਨਹੀਂ ਰਹਿਣਾ ਇੱਥੇ, ਚਲੀ ਜਾਣਾ ਮੈਂ ਆਪਣੇ ਸਹੁਰੇ ਘਰ।
ਮੈਂ ਅੱਗੋਂ ਚੁੱਪ ਹੋ ਗਿਆ।
ਮੈਨੂੰ ਡਰ ਸੀ ਕਿ ਹੁਣ ਮੇਰੇ ਨਾਲ ਗੱਲ ਕਰਨੋਂ ਹਟ ਜਾਊਗੀ ਤੇ ਮੈਨੂੰ ਬਲੌਕ ਕਰ ਦਊਗੀ। ਕਹਿਣਾ ਵੀ ਕੀ ਸੀ ਮੈਂ ਉਹਦੇ ਵਾਸਤੇ ਚਾਂਦੀ ਦੀ ਚੈਨ ਤੇ ਉਹਦੇ ਨਾਮ ਦਾ ਲੌਕਿਟ ਕਹਿਕੇ ਆਇਆ ਸੀ ਸੁਨਿਆਰੇ ਨੂੰ। ਉਹ ਰਾਤ ਮੈਂ ਸਾਰੀ ਰਾਤ ਨੀ ਸੁੱਤਾ ਉਹਦੇ ਕਰਕੇ ਤੇ ਦੂਜਾ ਦਿਨ ਵੀ ਮੈਂ ਕਿਤਾਬਾਂ ਪੜ ਕੇ ਕੱਢ ਦਿੱਤਾ। ਕਿੰਨੇ ਈ ਦਿਨ ਚੁੱਪ-ਚੁੱਪ ਰਹਿਣ ਲੱਗ ਪਿਆ ।

ਇਹ ਕਾਰਨ ਮੈਂ ਇੱਕ ਹਫ਼ਤਾ ਬਿਮਾਰ ਵੀ ਰਿਹਾ ਤੇ ਏਸੇ ਕਾਰਨ ਮੈਂ ਕੱਲਾ ਰੋਇਆ ਵੀ ਸੀ,ਕਾਫ਼ੀ ਮਾੜੀ ਹਾਲਤ ਹੋ ਗਈ ਸੀ।
ਫੇਰ ਮੈਂ ਰੋਜ ਦੀ ਤਰ੍ਹਾਂ ਕੰਮ ਤੇ ਗਿਆ ਸੀ। 14 ਫਰਵਰੀ ਦਿਨ ਬੁੱਧਵਾਰ ਬਾਈ ਨੇ ਮੈਨੂੰ ਬਾਜ਼ਾਰ ਦੁੱਧ ਲੈਣ ਭੇਜ ਦਿੱਤਾ। ਅੱਗੇ ਮੈਂ ਜਿੱਧਰ ਦੀ ਜਾਂਦਾ ਸੀ ਉੱਧਰ ਦੀ ਵਾਪਸ ਆ ਜਾਂਦਾ ਸੀ ਪਰ ਉਸ ਦਿਨ ਦਿਲ ਕੀਤਾ ਕਿ ਚੌਂਕ ਵਿੱਚ ਦੀ ਜਾਇਆ ਜਾਵੇ,ਮੈਂ ਉੱਧਰ ਦੀ

ਆ ਗਿਆ। ਮੈਂ ਰਾਹ ਵਿੱਚ ਆਉਂਦਾ ਸੋਚ ਈ ਰਿਹਾ ਸੀ ਵੀ ਉਹ ਕਿਵੇਂ ਦਾ ਬੰਦਾ ਹੋਊ ਜੀਹਨੇ ਸਕੂਨ ਦੇ ਲੜ ਲੱਗਣਾ ਏ, ਕੀ ਪੁੰਨ ਕੀਤੇ ਹੋਣਗੇ। ਮੈਂ ਹਜੇ ਸੋਚ ਈ ਰਿਹਾ ਸੀ ਐਨੇ ਨੂੰ ਮੇਰੇ ਦਿਲ ਦੀ ਧੜਕਣ ਤੇਜ ਹੋ ਗਈ ਵੀ ਕੁਝ ਚੰਗਾ ਹੋਣ ਵਾਲਾ ਏ। ਅੱਗੇ ਜਾ ਕੇ ਦੇਖਿਆ ਤਾਂ ਮੈਨੂੰ ਸਕੂਨ ਦਿਸ ਗਈ ਮੈਂ ਪਹਿਲਾਂ ਤਾਂ ਨੀਵੀਂ ਪਾ ਕੇ ਕੋਲ ਦੀ ਲੰਘ ਗਿਆ ਅੱਗੇ ਜਾ ਕੇ ਰੁਕ ਗਿਆ। ਉਸ ਦਿਨ ਉਹਦੇ ਜਾਮਣੀ ਰੰਗ ਦਾ ਟਰੈਕ ਸੂਟ ਪਾਇਆ ਹੋਇਆ ਸੀ, ਵਾਲ ਖੁੱਲ੍ਹੇ ਛੱਡੇ, ਉਂਗਲਾਂ ਤੇ ਲਾਲ ਰੰਗ ਦੀ ਨਹੁੰ ਪਾਲਿਸ਼ ਲੱਗੀ ਹੋਈ ਤੇ ਪੈਰਾਂ ਵਿੱਚ ਚਿੱਟੇ ਰੰਗ ਦੇ ਬੂਟ, ਸੱਜੀ ਬਾਂਹ ਚ ਬਾਰੀਕ ਲੋਹੇ ਦਾ ਕੜਾ, ਖੱਬੀ ਬਾਂਹ ਚ ਕਾਲੇ ਰੰਗ ਦਾ ਰਬੜ ਬੈਂਡ ਪਾਇਆ ਹੋਇਆ ਸੀ। ਉਹਦੇ ਨਾਲ ਉਹਨਾਂ ਦੇ ਘਰ ਕੰਮ ਕਰਦੀ ਔਰਤ ਤੇ ਉਹਦੀ ਕੁੜੀ ਸੀ। ਓਹਨਾਂ ਨੇ ਵੀ ਮੋਗਾ ਰੋਡ ਤੇ ਹੀ ਜਾਣਾ ਸੀ । ਜਿੰਨਾ ਟਾਈਮ ਓਹਨਾਂ ਨੇ ਸੜਕ ਨੀ ਪਾਰ ਕੀਤੀ ਓਨਾ ਟਾਈਮ ਮੈਂ ਦੇਖਦਾ ਰਿਹਾ।

ਓਹਨੂੰ ਦੇਖ ਕੇ ਮੇਰੀਆਂ ਅੱਖਾਂ ਵਿੱਚ ਪਾਣੀ ਆ ਗਿਆ। ਕਿੰਨੇ ਟਾਈਮ ਬਾਅਦ ਉਹਨੂੰ ਦੇਖਿਆ ਪਰ ਬੁਲਾ ਵੀ ਨਹੀਂ ਸੀ ਸਕਦਾ।

ਉਹਨੇ ਖ਼ੁਦ ਸਲੂਨ ਵਿੱਚ ਆਉਣਾ ਸੀ ਤੇ ਮੈਂ ਵੀ ਮੋਗਾ ਰੋਡ ਤੇ ਹੀ ਜਾਣਾ ਸੀ।

ਥੋੜੀ ਦੂਰ ਗਿਆ ਤਾਂ ਉਹ ਮੈਨੂੰ ਦਿਸ ਦੀਆਂ ਗਈਆਂ ਪਰ ਟ੍ਰੈਫ਼ਿਕ ਜ਼ਿਆਦਾ ਸੀ ਫਿਰ ਨੀ ਉਹ ਦਿਸੀਆਂ  ਮੈਨੂੰ। ਫਿਰ ਮੈਂ ਵੀ ਦੁਕਾਨ ਤੇ ਚਲਾ ਗਿਆ ਪਰ ਸਾਰਾ ਦਿਨ ਕੰਮ ਤੇ ਵੀ ਜੀਅ ਨਾ ਲੱਗਾ।

ਸ਼ਾਮ ਨੂੰ ਘਰ ਆਕੇ ਮੈਂ ਆਪਣੀ ਮਾਂ ਦੇ ਗਲ ਲੱਗ ਕੇ ਰੋ ਪਿਆ। ਮੈਨੂੰ ਲੱਗਾ ਜਿਵੇਂ ਉਹਨੇ ਦੱਸਿਆ ਸੀ ਕਿ ਉਹਨੇ ਆਪਣੇ ਸਹੁਰੇ ਘਰ

ਚਲੀ ਜਾਣਾ ਏ ਉਸਦਾ ਈ ਵਿਆਹ ਏ।

ਫੇਰ ਮੈਂ ਉਹਨੂੰ 24 ਫਰਵਰੀ ਦਿਨ ਮੰਗਲਵਾਰ ਨੂੰ ਮੈਸੇਜ ਕੀਤਾ ਤੇ ਉਹਨੂੰ ਉਹਦੇ ਵਿਆਹ ਬਾਰੇ ਪੁੱਛ ਲਿਆ। ਪਰ ਉਹਨੇ ਦੱਸਿਆ ਕਿ ਉਹਦਾ ਵਿਆਹ ਨੀ ਸੀ ਉਹਦੇ ਚਾਚੇ ਦੀ ਕੁੜੀ ਦਾ ਵਿਆਹ ਸੀ। ਫੇਰ ਕਿਤੇ ਜਾ ਕੇ ਮੇਰੇ ਦਿਲ ਤੋਂ ਭਾਰ ਲਿਹਾ।

ਫੇਰ ਸਾਡੀ ਰੋਜ ਵਾਂਗੂੰ ਗੱਲ ਹੋ ਜਾਂਦੀ ਸੀ। ਦਿਨ ਤੇ ਰਾਤ ਚੰਗੇ-ਚੰਗੇ ਲੱਗਦੇ ਸੀ ਰਾਤਾਂ ਨੂੰ ਵੀ ਗੱਲਾਂ ਹੋਣ ਲੱਗ ਪਈਆਂ। ਮੈਨੂੰ ਉਹਨੂੰ ਸੁਣਨਾ ਚੰਗਾ ਲੱਗਦਾ ਏ ਉਹ ਬੋਲੀ ਜਾਵੇ ਤੇ ਬਸ ਮੈਂ ਸੁਣੀ ਜਾਵਾਂ। ਉਹਨੂੰ ਰਾਤ ਨੂੰ ਚਾਹ ਪੀਣ ਦੀ ਆਦਤ ਆ ਹੁਣ ਮੈਂ ਵੀ ਰਾਤ ਨੂੰ ਚਾਹ ਪੀਣ ਲੱਗ ਪਿਆ ਵਾਂ। ਉਹਦੇ ਹੱਥਾਂ ਵਿੱਚ ਬੜੀ ਬਰਕਤ ਏ ਤੇ ਉਹ ਚਾਹ ਬਹੁਤ ਸਵਾਦ ਬਣਾਉਂਦੀ ਆ। ਉਹਨੇ ਮੇਰੇ ਨਾਲ ਵਾਅਦਾ ਵੀ ਕੀਤਾ ਏ ਕਿ ਉਹ ਆਪਣੇ ਹੱਥਾਂ ਦੀ ਬਣੀ ਚਾਹ ਮੈਨੂੰ ਜ਼ਰੂਰ ਪਿਆਵੇਗੀ।

**ਜਿੱਥੇ ਤੈਨੂੰ ਪਹਿਲੀ ਵਾਰੀ ਵੇਖਿਆ ਸੀ**
**ਚੱਲ ਓਸੇ ਥਾਂ ਤੇ ਮਿਲਦੇ ਆਂ**
**ਕੌਫ਼ੀ ਕੂਫ਼ੀ ਨੂੰ ਛੱਡ ਤੇਰੇ ਹੱਥਾਂ ਦੀ ਬਣੀ ਚਾਹ ਤੇ ਮਿਲਦੇ ਆਂ**

ਇੱਕ ਦਿਨ ਉਹ ਗੱਲ ਕਰਦੀ-ਕਰਦੀ ਸੋ ਗਈ ਤੇ ਫੋਨ ਉਹਦੇ ਸਾਹਾਂ ਕੋਲ ਆ ਗਿਆ ਤੇ ਉਸ ਦਿਨ ਮੈਂ ਉਹਦੇ ਸਾਹਾਂ ਦੀ ਅਵਾਜ਼ ਸੁਣੀ ਜਿਵੇਂ ਮੈਂ ਜਮਾਂ ਉਹਦੇ ਕੋਲ ਬੈਠਾ ਹੋਵਾਂ। ਜਿਵੇਂ ਬਾਣੀ ਨੂੰ ਸੁਣ ਸਕੂਨ ਮਿਲਦਾ ਏ ਨਾ ਉਵੇਂ ਈ ਸੀ ਬਸ।

ਫੇਰ ਇੱਕ ਦਿਨ ਉਹਦੇ ਨਾਂ ਦਾ ਲੌਕਿਟ ਬੰਨਿਆ ਆਪਣੇ ਹੱਥੀਂ ਜੋ ਹਮੇਸ਼ਾਂ ਮੇਰੇ ਪਾਇਆ ਹੁੰਦਾ ਏ। ਸੱਚੀਂ ਬਰਕਤ ਵਾਲਾ ਏ, ਉਹਦਾ ਮੋਹ ਦਿਨੋ-ਦਿਨ ਵਧਦਾ ਈ ਜਾਂਦਾ ਏ।

ਮੈਂ ਉਸ ਇਬਾਦਤ ਵਰਗੀ ਤੋਂ ਬੜਾ ਕੁਝ ਸਿੱਖਿਆ ਵੀ ਆ। ਪਹਿਲਾਂ ਰਾਹ ਜਾਂਦਾ ਕਿਸੇ ਵੀ ਫੁੱਲ ਬੂਟੇ ਜਾਂ ਪੱਤੇ ਨੂੰ ਤੋੜ ਲੈਂਦਾ ਸੀ। ਪਰ ਇੱਕ ਦਿਨ ਉਹਦੀਆਂ ਗੱਲਾਂ ਸੁਣੀਆਂ ਤੇ ਇਹ ਸਭ ਕਰਨੋਂ ਹਟ ਗਿਆ। ਇੱਕ ਦਿਨ ਮੈਂ ਗਲਤੀ ਨਾਲ ਕੋਈ ਗੁਲਾਬ ਦਾ ਫੁੱਲ ਤੋੜ ਲਿਆ ਸੀ ਤੇ ਉਹ ਅੱਜ ਵੀ ਮੇਰੀ ਡਾਇਰੀ ਵਿੱਚ ਸੰਭਾਲ ਕੇ ਰੱਖਿਆ ਹੋਇਆ ਏ। ਸਾਰਾ ਕੁਝ ਬੜਾ ਸੋਹਣਾ ਚੱਲ ਰਿਹਾ ਸੀ।

**ਜੋ ਸੋਚਿਆ ਨਈਂ ਉਹ ਵੀ ਹੋਣਾ ਹੁੰਦਾ ਏ**
**ਸੋਹਣਿਆਂ ਨਾਲ ਸਭ ਸੋਹਣਾ ਹੁੰਦਾ ਏ**

**ਕੁਦਰਤ ਵਰਗਾ ਮਿਲਜੇ ਖ਼ੁਦ ਜੇ**
**ਫਿਰ ਕੀ ਪਾਉਣਾ ਤੇ ਕੀ ਖੋਣਾ ਹੁੰਦਾ ਏ**

**ਉਹਦੀ ਹਾਂ ਚ ਹਾਂ ਤੇ ਨਾਂਹ ਚ ਨਾਂਹ**
**ਬਸ ਦਿਲ ਤੇ ਉਹਦੇ ਨਾਂ ਦਾ ਅੱਖਰ ਵਾਹੁਣਾ ਹੁੰਦਾ ਏ**

**ਜਿਵੇਂ ਰੱਬ ਨੂੰ ਪਾਉਣ ਵਾਸਤੇ ਨਾਮ ਧਿਆਈ ਦਾ**
**ਓਦਾਂ ਹੀ ਉਹਨੂੰ ਚਾਹੁਣਾ ਹੁੰਦਾ ਏ**

**ਸੋਹਣਿਆਂ ਨਾਲ ਸਭ ਸੋਹਣਾ ਸੋਹਣਾ ਹੋਈ ਜਾਂਦਾ ਏ**
**ਦੱਸ ਝੱਲਿਆ ਹੋਰ ਕੀ ਹੋਣਾ ਹੁੰਦਾ ਏ**

ਉਹਦਾ ਮੈਨੂੰ ਮਿਲ ਜਾਣਾ ਕੋਈ ਇਤਫ਼ਾਕ ਨੀ ਹੋ ਸਕਦਾ। ਇਹਦੇ

ਵਿੱਚ ਵੀ ਕੋਈ ਨਾ ਕੋਈ ਉਸ ਕੁਦਰਤ ਦੀ ਰਜ਼ਾ ਹੋਣੀ ਏ। ਬਿਨਾਂ ਵਜ੍ਹਾ ਨੀ ਉਹ ਕਿਸੇ ਨੂੰ ਮਿਲਾਉਂਦੀ ਤੇ ਮੈਂ ਇਹੀ ਚਾਹੁੰਨਾ ਵਾਂ ਕਿ ਚੰਗੀ ਰਜ਼ਾ ਈ ਹੋਵੇ।
ਸਭ ਚੰਗਾ ਚੰਗਾ ਹੋਵੇ ਅੱਗੇ ਵੀ।

**ਉਹਦੀਆਂ ਮੇਰੀਆਂ ਯਾਦਾਂ ਬੜੀਆਂ ਨੇ**
**ਪਰ ਉਹਦੇ ਨਾਲ ਮੈਂ ਆਪਣੀ ਇੱਕ ਤਸਵੀਰ ਖਿਚਵਾਉਣੀ ਆ**

**ਲੰਘਦਾ ਟੱਪਦਾ ਜੇ ਕਿਤੇ ਮੈਨੂੰ ਰੱਬ ਮਿਲਿਆ ਨਾ**
**ਮੈਂ ਆਪਣੇ ਲੇਖਾਂ ਚ ਉਹਤੋਂ ( گنویر ) ਉਹ ਲਿਖਵਾਉਣੀ ਆ)**

---

www.punjabilibrary.com

---

# ਸਕੂਨ

## ਹਰਮਨਪ੍ਰੀਤ ਸਿੰਘ




+91 93118 31566 ihrmn__writer

harmanpreet2920@gmail.com